ਮਾਪਿਆਂ ਲਈ,

ਸ਼ਾਇਦ ਤੁਸੀਂ ਜਾਣਦੇ ਹੋ ਕਿ ਬੀ ਸੀ ਵਿੱਚ ਕੇ - 12 ਕਲਾਸਾਂ ਦੇ ਸਿਸਟਮ ਲਈ ਇੱਕ ਨਵਾਂ ਪਾਠਕਰਮ ਤਿਆਰ ਕੀਤਾ ਜਾ ਰਿਹਾ ਹੈ। ਅਧਿਆਪਕ, ਸਕੂਲ ਪ੍ਰਬੰਧਕ ਅਤੇ ਮਨਿਸਟ੍ਰੀ ਆਫ ਐਜੂਕੇਸ਼ਨ ਇਸ ਉਪਰ ਕੁੱਝ ਸਾਲਾਂ ਤੋਂ ਕੰਮ ਕਰ ਰਹੇ ਹਨ। ਇਸ ਸਮੇਂ ਕੇ - 9 ਕਲਾਸਾਂ ਦੇ ਪਾਠਕਰਮ ਨੂੰ ਵਿਦਿਆਰਥੀਆਂ ਲਈ ਸਾਰੇ ਸੂਬੇ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ। 10 - 12 ਕਲਾਸਾਂ ਦੇ ਵਿਦਿਆਰਥੀਆਂ ਲਈ ਨਵਾਂ ਪਾਠਕਰਮ ਸਤੰਬਰ 2016 ਵਿੱਚ ਸ਼ੁਰੂ ਕੀਤਾ ਜਾਵੇਗਾ। ਮਨਿਸਟ੍ਰੀ ਆਫ ਐਜੂਕੇਸ਼ਨ ਅਤੇ ਬੀ ਸੀ ਟੀਚਰਜ਼ ਫੈਡਰੇਸ਼ਨ ਨੇ ਨਵੇਂ ਪਾਠਕਰਮ ਦੀ ਪਾਲਣਾਂ ਦੀ ਯੋਜਨਾਂ ਲਈ ਐਲਾਨ ਕੀਤਾ ਹੈ। ਇਹ ਯੋਜਨਾਂ ਦੀ ਪਾਲਣਾਂ ਕਰਨ ਲਈ ਸਾਰੇ ਸਕੂਲ ਜਿਲਿਆਂ ਨੂੰ ਕਿਹਾ ਗਿਆ ਹੈ ਕਿ ਉਹ 2015-2016 ਸਕੂਲ ਸਾਲ ਦੌਰਾਨ ਦੋ ਦਿਨ ਹੋਰ ਜੋੜ ਲੈਣ। ਇਸ ਨਵੇਂ ਪਾਠਕਰਮ ਨਾਲ ਹੋਰ ਜਾਣੂ ਹੋਣ ਲਈ ਅਤੇ ਅਗਲੇ ਕੁੱਝ ਸਾਲਾਂ ਵਿੱਚ ਇਸ ਦੀ ਪੂਰੀ ਤਰਾਂ ਪਾਲਣਾਂ ਕਰਨ ਲਈ ਇਹ ਦੋ ਦਿਨ ਅਧਿਆਪਕਾਂ ਨੂੰ ਦਿੱਤੇ ਜਾਣਗੇ।

ਇਹ ਪਾਠਕਰਮ ਦੀ ਪਾਲਣਾਂ ਕਰਨ ਲਈ ਵੈਨਕੂਵਰ ਵਿੱਚ ਹੇਠ ਲਿਖੇ ਦੋ ਦਿਨ ਚੁਣੇ ਗਏ ਹਨ:

**ਸ਼ੁਕਰਵਾਰ, ਮਾਰਚ 4 ਅਤੇ ਸ਼ੁਕਰਵਾਰ,ਅਪਰੈਲ 15**

**ਇਹ ਦੋ ਦਿਨ ਵਿਦਿਆਰਥੀਆਂ ਲਈ ਸਕੂਲ ਬੰਦ ਰਹਿਣਗੇ।**

ਸਾਨੂੰ ਖੁਸ਼ੀ ਹੈ ਕਿ ਇਸ ਨਵੇਂ ਪਾਠਕਰਮ ਦੀ ਪਾਲਣਾਂ ਕਰਨ ਲਈ ਅਤੇ ਤੁਹਾਡੇ ਬਚਿੱਆਂ ਦੀ ਬੇਹਤਰ ਪੜ੍ਹਾਈ ਵਾਸਤੇ ਅਧਿਆਪਕਾਂ ਨੂੰ ਇਹ ਸਮਾਂ ਦਿੱਤਾ ਗਿਆ ਹੈ।

ਜੇ ਤੁਸੀ ਕੋਈ ਸਵਾਲ ਪੁੱਛਣਾਂ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਸਕੂਲ ਪ੍ਰਬੰਧਕ ਨਾਲ ਸਪੰਰਕ ਕਰੋ।